ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
(S.S.S.Board, Punjab)
ਵਣ ਭਵਨ, ਸੈਕਟਰ-68, ਅਜੀਤਗੜ੍ਹ (ਮੋਹਾਲੀ)

**ਜਨਤਕ ਸੂਚਨਾ**

**ਇਸ਼ਤਿਹਾਰ ਨੰ:2/2013- ਕਲਰਕਾਂ** ਦੀਆਂ 1192 ਆਸਾਮੀਆਂ ਨੂੰ ਭਰਨ ਸਬੰਧੀ ਉਮੀਦਵਾਰਾਂ ਦਾ ਕੰਪਿਊਟਰ ਤੇ **ਪੰਜਾਬੀ ਟਾਈਪ ਟੈਸਟ ਮੋਰਿੰਡਾ-ਖਰੜ ਰੋਡ ਤੇ ਸਥਿਤ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ, ਜਿਲ੍ਹਾ ਅਜੀਤਗੜ ਮੋਹਾਲੀ (Chandigarh University, Gharuan, District Ajitgarh)** ਵਿਖੇ ਮਿਤੀ 10/11/2013, 16/11/2013, 23/11/2013, 24/11/2013, 30/11/2013, 01/12/2013, 07/12/2013 ਅਤੇ 08/12/2013 ਨ ਲਿਆ ਜਾਣਾ ਹੈ। ਜਿਨ੍ਹਾਂ ਉਮੀਦਵਾਰਾਂ ਨੇ ਮੈਨੂਅਲ ਟਾਈਪਰਾਈਟਰ ਰਾਹੀਂ ਟਾਈਪ ਟੈਸਟ ਦੇਣਾ ਹੈ, ਉਨ੍ਹਾਂ ਉਮੀਦਵਾਰਾਂ ਦਾ ਟੈਸਟ ਬੋਰਡ ਦੇ ਦਫਤਰ ਵਣ ਭਵਨ, ਸੈਕਟਰ-68, ਅਜੀਤਗੜ੍ਹ (ਮੋਹਾਲੀ) ਵਿਖੇ ਹੀ ਲਿਆ ਜਾਵੇਗਾ।

2. ਇਸ ਸਬੰਧੀ ਰੋਲ ਨੰਬਰ ਵਾਈਜ ਸੂਚੀ ਸਮੇਤ ਟੈਸਟ ਦੀ ਮਿਤੀ ਅਤੇ ਸਮਾਂ ਦਰਸਾਉਂਦੇ ਹੋਏ ਬੋਰਡ ਦੀ ਵੈਬਸਾਈਟ www.punjabsssb.gov.in ਤੇ ਉਮੀਦਵਾਰਾਂ ਦੀ ਸੂਚਨਾ ਲਈ ਅਪਲੋਡ ਕਰ ਦਿੱਤੀ ਗਈ ਹੈ। ਉਮੀਦਵਾਰ ਟੈਸਟ ਸਬੰਧੀ ਐਡਮਿਟ ਕਾਰਡ ਬੋਰਡ ਦੀ ਉਕਤ ਵੈਬਸਾਈਟ ਤੋਂ ਡਾਊਨਲੋਡ ਕਰਕੇ ਉਸ ਦਾ ਪ੍ਰਿੰਟ ਨਾਲ ਲੈ ਕੇ ਆਉਣ ਕਿਉਂਕਿ ਇਸ ਐਡਮਿਟ ਕਾਰਡ ਤੇ ਹੀ ਪ੍ਰੀਖਿਆ ਕੇਂਦਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਦਿੱਤੀ ਜਾਵੇਗੀ। ਹਰ ਅਗਲੀ ਜਾਣਕਾਰੀ ਲਈ ਉਮੀਦਵਾਰ ਬੋਰਡ ਦੀ ਵੈਬਸਾਈਟ ਤੇ ਹੀ ਧਿਆਨ ਰੱਖਣਗੇ।

3. ਸ਼ਡਿਊਲ ਅਨੁਸਾਰ ਹੀ ਉਮੀਦਵਾਰਾਂ ਨੂੰ ਪੰਜਾਬੀ ਟਾਈਪ ਟੈਸਟ ਵਿਚ ਹਾਜਰ ਹੋਣ ਦੀ ਆਗਿਆ ਦਿੱਤੀ ਜਾਵੇਗੀ। ਨਿਸਚਿਤ ਮਿਤੀ ਅਤੇ ਸਮੇਂ ਤੇ ਨਾ ਪਹੁੰਚਣ ਵਾਲੇ ਉਮੀਦਵਾਰ ਨੂੰ ਗੈਰਹਾਜਰ ਸਮਝਿਆ ਜਾਵੇਗਾ ਅਤੇ ਟੈਸਟ ਲਈ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

**ਮਿਤੀ: 05/11/2013**

**ਸਕੱਤਰ**
**ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।**